ਮਾਡਲ ਟੈਸਟ ਪੇਪਰ

ਸ਼੍ਰੇਣੀ - ਬਾਰ੍ਹਵੀਂ

ਵਿਸ਼ਾ - ਸੰਗੀਤ (ਵਾਦਨ)

ਸੈਸ਼ਨ - 2022-2023

ਸਮਾਂ - 3 ਘੰਟੇ

ਕੁਲ ਅੰਕ – 45

ਭਾਗ – ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ,12 ਤੋਂ 17 ਖਾਲੀ ਥਾਵਾਂ,18 ਤੋਂ 23 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਆਧੁਨਿਕ ਕਾਲ ਦਾ ਆਰੰਭ ਕਿਸ ਈਸਵੀ ਤੋਂ ਮੰਨਿਆ ਜਾਂਦਾ ਹੈ?
2. ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਜੀ ਦੀ ਕਿਸੀ ਇੱਕ ਪੁਸਤਕ ਦਾ ਨਾਮ ਲਿਖੋ?
3. ਆਧੁਨਿਕ ਕਾਲ ਦਾ ਆਰੰਭ ਕਦ ਤੋਂ ਮੰਨਿਆ ਗਿਆ ਹੈ?
4. ਆਧੁਨਿਕ ਸਿਤਾਰ ਵਾਦਕ ਦਾ ਨਾਮ ਲਿਖੋ।
5. ਪੰ. ਵਿਸ਼ਨੂੰ ਨਰਾਇਣ ਭਾਤਖੰਡੇ ਜੀ ਦੀ ਕਿਸੀ ਇੱਕ ਪੁਸਤਕ ਦਾ ਨਾਮ ਲਿਖੋ?
6. ਰਾਸ਼ਟਰਪਤੀ ਪੁਰਸਕਾਰ ਕਦ ਤੋਂ ਦੇਣਾ ਸ਼ੁਰੂ ਕੀਤਾ?
7. ਰਾਗ ਭੈਰਵ ਦਾ ਵਾਦੀ ਸੁਰ ਕੀ ਹੈ?
8. ਮਾਲਕੌਂਸ ਕਿੰਨੇ ਸੁਰਾਂ ਦਾ ਰਾਗ ਹੈ?
9. ਸੂਲਤਾਲ ਦੀਆਂ ਮਾਤਰਾਵਾਂ ਦੱਸੋ?
10. ਰੂਪਕ ਤਾਲ ਦੇ ਵਿਭਾਗ ਦੱਸੋ?
11. ਝਪਤਾਲ ਵਿੱਚ ਕਿੰਨੀਆਂ - ਕਿੰਨੀਆਂ ਮਾਤਰਾਵਾਂ ਦੇ ਵਿਭਾਗ ਹੁੰਦੇ ਹਨ? (11X1=11)

(ਖ) ਖਾਲੀ ਥਾਵਾਂ

12. ਦਰੁੱਤ ਖਿਆਲ ਦੀ ਪ੍ਰਕਿਰਤੀ ______ ਹੁੰਦੀ ਹੈ।
13. ਵਿਲੰਬਿਤ ਖਿਆਲ ਦੀ ਪ੍ਰਕਿਰਤੀ ______ ਹੁੰਦੀ ਹੈ।
14. ਸੱਜੇ ਤਬਲੇ ਨੂੰ ________ ਵੀ ਕਹਿੰਦੇ ਹਨ।
15. ਖੱਬੇ ਤਬਲੇ ਨੂੰ ________ ਵੀ ਕਹਿੰਦੇ ਹਨ।
16. ਝੱਪਤਾਲ ________ ਮਾਤਰਾਵਾਂ ਦੀ ਤਾਲ ਹੈ।
17. ਧਮਾਰ ਤਾਲ ਦੀ ਖਾਲੀ ਮਾਤਰਾ ______ ਹੈ। (6x1=6)

(ਗ) ਸਹੀ/ਗ਼ਲਤ

18. ਹਾਰਮੋਨੀਅਮ ਵਿੱਚ ਹਵਾ ਚਾਬੀਆਂ ਤੋਂ ਭਰਦੇ ਹਨ।
19. ਸਿਆਹੀ ਦਾ ਰੰਗ ਕਾਲਾ ਹੁੰਦਾ ਹੈ।
20. ਆਸਾ ਸਿੰਘ ਮਸਤਾਨਾ ਜੀ ਇੱਕ ਸ਼ਾਸਤਰੀ ਗਾਇਕ ਸਨ।
21. ਰੂਪਕ ਤਾਲ ਨੂੰ ਪੰਜਾਬੀ ਤਾਲ ਵੀ ਕਿਹਾ ਜਾਂਦਾ ਹੈ।
22. ਝੱਪਤਾਲ ਸ਼ਾਸਤਰੀ ਤਾਲ ਨਹੀਂ ਹੈ।
23. ਧਮਾਰ ਤਾਲ ਨੂੰ ਤਬਲੇ ਉੱਤੇ ਨਹੀਂ ਵਜਾ ਸਕਦੇ। (6x1=6)

ਭਾਗ - ਅ

24 ਤੋਂ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 2 ਅੰਕ ਦਾ ਹੋਵੇਗਾ।

24. ਵਰਨ ਬਾਰੇ ਲਿਖੋ।
25. ਕਣ ਬਾਰੇ ਸੰਖੇਪ ਵਿੱਚ ਲਿਖੋ।
26. ਮੀਂਡ ਬਾਰੇ ਸੰਖੇਪ ਵਿੱਚ ਲਿਖੋ।
27. ਵਾਦਕ ਦੇ ਕੋਈ ਦੋ ਗੁਣ ਲਿਖੋ।
28. ਵਾਦਕ ਦੇ ਕੋਈ ਦੋ ਔਗੁਣ ਲਿਖੋ।
29. ਰਾਗ ਭੈਰਵ ਦੀਆਂ ਕੋਈ ਚਾਰ ਤਾਨਾਂ ਲਿਖੋ।
30. ਰਾਗ ਮਾਲਕੌਂਸ ਦਾ ਪਰਿਚੈ ਲਿਖੋ।
31. ਰਾਗ ਖਮਾਜ ਦਾ ਪਰਿਚੈ ਲਿਖੋ। (6x2=12)

ਭਾਗ – ੲ

32-35 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ।

32. ਸੰਗੀਤ ਦਾ ਤਾਲ ਨਾਲ ਕੀ ਸੰਬੰਧ ਹੈ, ਇਸ ਬਾਰੇ ਸੰਖੇਪ ਵਿੱਚ ਲਿਖੋ।
33. ਅਲਾਉਦੀਨ ਖਾਨ ਸਾਹਿਬ ਜੀ ਦਾ ਜੀਵਨ ਪਰਿਚੈ ਲਿਖੋ।
34. ਤਾਲ ਰੂਪਕ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।
35. ਰਾਗ ਮਾਲਕੌਂਸ ਵਿੱਚ ਮਸੀਤਖਾਨੀ ਗਤ ਦੀ ਸੁਰਲਿਪੀ ਲਿਖੋ। (2X5=10)